HISTORIC ROYAL PALACES

# ਹੈਮਪਟਨ ਕੋਰਟ ਪੈਲੇਸ ਵਿਖੇ ਭਾਰਤੀ ਫੌਜ ਦੇ ਕੈਂਪਾਂ ਬਾਰੇ ਨਵੀਂ ਪਰ੍ਦਰਸ਼ਨੀ ਦਾ ਹਿੱਸਾ ਬਣੋ

ਸਤੰਬਰ 2023 ਵਿੱਚ, ਹੈਮਪਟਨ ਕੋਰਟ ਪੈਲੇਸ ਵਿਖੇ ਉਨਹ੍ਾਂ ਸੈਨਿਕਾਂ ਬਾਰੇ ਇੱਕ ਨਵਾਂ ਪਰ੍ਦਰਸ਼ਨ ਕੀਤਾ ਜਾਵੇਗਾ ਜੋ ਪੈਲੇਸ ਵਿੱਚ ਭਾਰਤੀ ਸੇਨਾ ਦੇ ਕੈਂਪਾਂ ਦਾ ਹਿੱਸਾ ਸਨ। ਉਹਨਾਂ ਨੂੰ ਇੰਗਲੈਂਡ ਦੇ ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਹੋਏ ਵੱਖ-ਵੱਖ ਮੌਕਿਆਂ ਦਾ ਜਸ਼ਨ ਮਨਾਉਣ ਦਾ ਸੱਦਾ ਦਿੱਤਾ ਗਿਆ ਸੀ ਜਿਵੇਂ ਤਾਜਪੋਸ਼ੀਆਂ ਅਤੇ ਵਿਸ਼ਵ ਯੁੱਧ ੧ ਦਾ  ਅੰਤ।

'ਹਿਸਟੋਰੀਕ ਰੌਯਲ ਪੈਲੇਸਿਸ' ਦੱਖਣੀ ਏਸ਼ੀਆਈ ਪਰਿਵਾਰਾਂ ਤੋਂ ਸੰਬੰਧ ਰੱਖਣ ਵਾਲੇ ਲੋਕਾਂ ਨੂੰ ਇੱਕ ਨਿੱਜੀ ਵਸਤੂ , ਯਾਦ ਜਾਂ ਕਹਾਣੀਆਂ  ਦਾ ਯੋਗਦਾਨ ਦੇਣ ਲਈ ਸੱਦਾ ਦੇਣਾ ਚਾਹੁੰਦੇ ਹਨ ਜੋ ਪਹਿਲੇ ਵਿਸ਼ਵ ਯੁੱਧ, ਦੂਜੇ ਵਿਸ਼ਵ ਯੁੱਧ, ਭਾਰਤੀ ਫੌਜ, ਜਾਂ ਵੱਖ-ਵੱਖ ਸ਼ਾਹੀ ਤਾਜਪੋਸ਼ੀ (1937 ਵਿੱਚ ਜਾਰਜ VI ਦੀ ਤਾਜਪੋਸ਼ੀ ਤਕ) ਦੇ ਵਿਸ਼ੇ ਨਾਲ ਸਬੰਧਤ ਹੈ।

ਇਹ ਨਵਾਂ ਪਰ੍ਦਰਸ਼ਨ ਹੈਮਪਟਨ ਕੋਰਟ ਪੈਲੇਸ ਦੇ ਕੈਂਪ ਦੇ ਭਾਰਤੀ ਸੈਨਿਕਾਂ ਦੀ ਘੱਟ ਮਸ਼ਹੂਰ ਕਹਾਣੀ ਅਤੇ ਉਨਹ੍ਾਂ ਦਾ ਕੈਂਪ ਦੇ ਅੰਦਰ ਅਤੇ ਵਧੇਰੇ ਤੌਰ ਤੇ ਇੰਗਲੈਂਡ ਵਿਚ ਤਜਰਬੇ  ਦੀ ਪੜਚੋਲ ਕਰੇਗਾ। ਕੁਝ ਸੈਨਿਕਾਂ ਲਈ ਇਹ ਉਨਹ੍ਾਂ ਦਾ ਪਹਿਲਾ ਦੌਰਾ ਹੋਵੇਗਾ। ਅਸੀਂ ਬਿਰ੍ਟੇਨ ਵਿੱਚ ਦੱਖਣ ਏਸ਼ਿਆਈ ਮੌਜੂਦਗੀ  ਅਤੇ ਆਧੁਨਿਕ ਜੀਵਨ ਤੇ ਇਸ ਦੇ ਪਰ੍ਭਾਵ ਦੇ ਵਿਸ਼ਿਆਂ ਦੀ ਵੀ ਖੋਜ ਕਰਾਂਗੇ। ਤੁਸੀਂ ਹੈਮਪਟਨ ਕੋਰਟ ਪੈਲੇਸ ਵਿਖੇ ਭਾਰਤੀ ਫੌਜ ਦੇ ਕੈਂਪ ਬਾਰੇ ਹੋਰ ਜਾਣਕਾਰੀ ਇੱਥੇ ਲੈ ਸਕਦੇ ਹੋ:

**https://www.hrp.org.uk/hampton-court-palace/the-indian-army-camp-at-hampton-court-palace/**

ਤੁਸੀਂ ਆਪਣੀ ਵਸਤੂ, ਯਾਦ ਜਾਂ ਕਹਾਣੀ ਚੁਣਨ ਵੇਲੇ ਇਨਹ੍ਾਂ ਗੱਲਾਂ ਦਾ ਵਿਚਾਰ ਕਰ ਸਕਦੇ ਹੋ:

- ਕੀ ਤੁਹਾਡੀ ਵਸਤੂ, ਕਹਾਣੀ ਜਾਂ ਯਾਦ ਨਾਲ ਕੋਈ ਨਿੱਜੀ ਕਹਾਣੀ ਜੁੜੀ ਹੈ?
- ਇਹ ਪੱਤਰ, ਨਿੱਜੀ ਨੋਟ, ਜਾਂ ਬਣਾਏ ਹੋਏ ਚਿਤਰ ਦੇ ਰੂਪ ਵਿੱਚ ਹੋ ਸਕਦਾ ਹੈ।

- ਕੀ ਤੁਹਾਡੇ ਕੋਲ ਆਪਣੇ ਪਰਿਵਾਰ ਦੇ ਲੋਕਾਂ ਦੀਆਂ ਤਸਵੀਰਾਂ ਹਨ ਜਿਨਹ੍ਾਂ ਨੇ ਭਾਰਤੀ ਫੌਜ ਵਿਚ ਸੇਵਾ ਕੀਤੀ ਸੀ?

- ਜ਼ਰੂਰੀ ਨਹੀਂ ਹੈ ਕੇ ਵਸਤੂ, ਯਾਦ ਜਾਂ ਕਹਾਣੀ ਦਾ ਸੰਬੰਧ ਸਿੱਧੇ ਤੌਰ ਤੇ ਫੌਜ ਨਾਲ ਹੋਵੇ। ਉਦਾਹਰਣ ਵਜੋਂ, ਇਹ ਉਹ ਚੀਜ਼ ਹੋ ਸਕਦੀ ਹੈ ਜੋ ਦੂਸਰੇ ਸ਼ਾਇਦ ਸੋਚਾਂ ਕਿ ਬਹੁਤ ਆਮ ਹੈ ਪਰ ਤੁਹਾਡੇ ਨਾਲ ਭਾਵਨਾਤਮਕ ਹੈ।

- ਕੀ ਵੈਸਤੂ ਭੋਜਨ ਨਾਲ ਸਬੰਧਤ ਹੈ?

- ਕੀ ਤੁਹਾਡੇ ਪਰਿਵਾਰ ਵਿੱਚ ਇਹੋ ਜੀਆਂ ਖਾਣਾ ਪਕਾਉਣ ਦੀਆਂ ਵਿਧੀਆਂ ਹਨ ਜਿਨਹ੍ਾਂ ਨੂੰ  ਪੀੜਹ੍ੀ ਤੱਕ ਪੀੜਹ੍ੀ ਸਿਖਾਯਾ ਗਿਆ ਹੈ?

**ਜਮ੍ਹਾਂ ਕਰਨ ਦੀ ਆਖਰੀ ਤਾਰੀਕ 1 ਜਨਵਰੀ 2023 ਹੈ।**
ਭੇਜਣ ਲਈ ਕਰਿਪਾ ਕਰਕੇ ਹੇਠਾਂ ਦੱਤਿਆਂ ਈਮੇਲਾਂ ਦੀ ਵਰਤੋਂ ਕਰੋ:
***IndianSoldiers@hrp.org.uk***




ਵਸਤੂਆਂ, ਯਾਦਾਂ ਅਤੇ ਕਹਾਣੀਆਂ ਦੀ ਚੋਣ ਹੈਮਪਟਨ ਕੋਰਟ ਪੈਲੇਸ ਦੀ ਭਾਰਤੀ ਸੈਨਿਕ ਪਰ੍ਦਰਸ਼ਨੀ ਟੀਮ ਅਤੇ ਸਥਾਨਕ ਦੱਖਣੀ ਏਸ਼ੀਆਈ ਭਾਈਚਾਰੇ ਦੇ ਪਰ੍ਤੀਨਿਧੀ ਜੋ ਹੈਮਪਟਨ ਕੋਰਟ ਪੈਲੇਸ ਦੇ ਇਤਿਹਾਸ ਅਤੇ ਕਹਾਣੀਆਂ ਦੀ ਪੁਨਰ ਵਿਆਖਿਆ ਕਰਨ ਵਿੱਚ ਸਹਾਇਤਾ ਕਰ ਰਹੇ ਹਨ ਦੁਆਰਾ ਕੀਤੀ ਜਾਵੇਗੀ।

ਚੁਣੀਆਂ ਗਈਆਂ ਵਸਤੂਆਂ ਯਾਦਾਂ ਅਤੇ ਕਹਾਣੀਆਂ ਨੂੰ ਪੇਸ਼ ਕਰਨ ਲਈ ਅਸੀਂ ਤੁਹਾਨੂੰ ਓਹਨਾ ਦੇ ਲੇਬਲ ਬਣਾਉਣ ਲਈ ਸਾਡੇ ਨਾਲ ਕੰਮ ਕਰਨ ਲਈ ਸੱਦਾ ਦੇਣਾ ਚਾਹੁੰਦੇ ਹਾਂ ਅਤੇ ਤੁਹਾਨੂੰ ਪਰ੍ਦਰਸ਼ਨ ਦੇ ਪਹਿਲੇ ਦਿਨ ਲਈ ਸੱਦਾ ਵੀ ਦਿੱਤਾ ਜਾਵੇਗਾ।

ਜਗਾਹ ਦੀ ਥੋੜ ਦੇ ਕਾਰਨ ਸਾਰੀਆਂ ਵਸਤੂਆਂ ਪਰ੍ਦਰਸ਼ਨ ਵਿੱਚ ਸ਼ਾਮਲ ਨਹੀਂ ਕੀਤੀਆਂ ਜਾ ਸਕਣਗੀਆਂ। ਪਰ ਅਸੀਂ ਜ਼ਿਆਦਾ ਤੋਂ ਜ਼ਿਆਦਾ ਵਸਤੂਆਂ, ਯਾਦਾਂ ਅਤੇ ਕਹਾਣੀਆਂ ਨੂੰ ਡਿਜੀਟਲ ਮਾਰਗ ਰਾਹੀਂ ਲੋਕਾਂ ਨਾਲ ਸਾਂਝਾ ਕਰਨ ਦੇ ਤਰੀਕਿਆਂ ਤੇ ਵਿਚਾਰ ਕਰ ਰਹੇ ਹਾਂ।

ਹੈਮਪਟਨ ਕੋਰਟ ਪੈਲੇਸ ਵਿਖੇ ਇਸ ਪਰ੍ਦਰਸ਼ਨ ਲਈ ਚੁਣੀਆਂ ਗਈਆਂ ਸਾਰੀਆਂ ਵਸਤੂਆਂ ਨੂੰ ਸੁਰੱਖਿਅਤ  ਬਕਸਿਆਂ ਵਿੱਚ ਦਿਖਾਇਆ ਜਾਵੇਗਾ ਜਿਹਨਾਂ ਦੀ ਦੇਖ ਭਾਲ ਸਾਡੀ ਟੀਮ ਕਰੇਗੀ । ਲੇਕਿਨ ਅਸੀਂ ਸੁਰੱਖਿਆ ਕਾਰਣ ਕਰਕੇ ਉੱਚ ਮੁੱਲ ਵਾਲੀਆਂ ਚੀਜ਼ਾਂ ਨਹੀਂ ਲੈ ਸਕਦੇ।

